Canada Border Services Agency
Agence des services frontaliers du Canada

# ਆਪ੍ਰਵਾਸ ਅਤੇ ਸ਼ਰਨਾਰਥੀ ਹਿਫਾਜ਼ਤ ਅਧਿਨਿਯਮ ਦੇ ਅਧੀਨ ਨਜ਼ਰਬੰਦ ਕੀਤੇ ਲੋਕਾਂ ਲਈ ਜਾਣਕਾਰੀ

BSF5012-7 (Punjabi)

PROTECTION • SERVICE • INTEGRITY

Canada

© ਹਰ ਮੈਜੇਸਟੀ ਦਿ ਕਵੀਨ ਇਨ ਰਾਈਟ ਆਫ਼ ਕੈਨੇਡਾ, ਜਿਸ ਦੀ ਪ੍ਰਤਿਨਿਧਤਾ ਮਿਨਿਸਟਰ ਆਫ਼ ਪਬਲਿਕ ਸੇਫਟੀ ਐਂਡ ਇਮਰਜੇਂਸੀ ਪ੍ਰਿਪੇਅਰਡਨੈਸ (ਜਨਤਕ ਸੁਰੱਖਿਆ ਅਤੇ ਸੰਕਟਕਾਲ ਲਈ ਤਿਆਰੀ ਵਾਸਤੇ ਮੰਤਰੀ) ਦੁਆਰਾ ਕੀਤੀ ਗਈ, 2015

ਕੈਟਾਲੌਗ ਨੰਬਰ PS38-49/2015Pu-PDF

ISBN 978-0-662-03899-3

ਇਹ ਦਸਤਾਵੇਜ਼ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੀ ਵੈਬਸਾਈਟ www.cbsa-asfc.gc.ca ‘ਤੇ ਉਪਲਬਧ ਹੈ।

ਬੇਨਤੀ ਕੀਤੇ ਜਾਣ ‘ਤੇ ਇਹ ਦਸਤਾਵੇਜ਼ ਵਿਕਲਪਕ ਰੂਪਾਂਤਰਾਂ ਵਿੱਚ ਉਪਲਬਧ ਹੈ।

Also available in English under the title: Information for People Detained Under the *Immigration and Refugee Protection Act*

Aussi offert en français sous le titre : Renseignements à l’intention des personnes détenues en vertu de la *Loi sur l’immigration et la protection des réfugiés*

ਅਤੇ ਦੂਜੀਆਂ ਭਾਸ਼ਾਵਾਂ ਵਿੱਚ ਉਪਲਬਧ ਹੈ: ਅਰਬੀ, ਚੀਨੀ ਸਰਲੀਕ੍ਰਿਤ, ਚੀਨੀ ਪਰੰਪਰਾਗਤ, ਹਿੰਦੀ, ਜਪਾਨੀ, ਕੋਰਿਆਈ, ਫਾਰਸੀ, ਪੁਰਤਗਾਲੀ, ਰੂਸੀ, ਸਪੈਨਿਸ਼, ਟੈਗਾਲੌਗ, ਤਮਿਲ, ਉਰਦੂ

ਇਹ ਕਨੂੰਨੀ ਦਸਤਾਵੇਜ਼ ਨਹੀਂ ਹੈ। ਕਨੂੰਨੀ ਸੂਚਨਾ ਲਈ, ਆਪ੍ਰਵਾਸ ਅਤੇ ਸ਼ਰਨਾਰਥੀ ਹਿਫਾਜ਼ਤ ਅਧਿਨਿਯਮ ਅਤੇ ਨਿਯਮਾਂ *(Immigration and Refugee Protection Act / Loi sur l'immigration et la protection des réfugiés*) ਨੂੰ ਵੇਖੋ।

ਇਹ ਦਸਤਾਵੇਜ਼ ਤੁਹਾਨੂੰ ਤੁਹਾਡੇ ਅਧਿਕਾਰਾਂ ਅਤੇ ਜ਼ਿੱਮੇਵਾਰੀਆਂ ਅਤੇ ਤੁਹਾਡੀ ਨਜ਼ਰਬੰਦੀ ਦੇ ਕਾਰਨਾਂ ਦੇ ਨਾਲ ਨਾਲ ਆਮ ਜਾਣਕਾਰੀ ਜਿਹੜੀ ਤੁਹਾਡੀ ਨਜ਼ਰਬੰਦੀ ਦੌਰਾਨ ਮਦਦਗਾਰ ਹੋ ਸਕਦੀ ਹੈ, ਬਾਰੇ ਜ਼ਰੂਰੀ ਜਾਣਕਾਰੀ ਪ੍ਰਦਾਨ ਕਰਦਾ ਹੈ। ਜੇ ਤੁਹਾਡੇ ਆਪਣੀ ਨਜ਼ਰਬੰਦੀ ਜਾਂ ਇਸ ਦਸਤਾਵੇਜ਼ ਵਿਚ ਸ਼ਾਮਲ ਜਾਣਕਾਰੀ ਬਾਰੇ ਕੋਈ ਸਵਾਲ ਹੋਣ, ਕਿਰਪਾ ਕਰ ਕੇ ਕਨੇਡਾ ਬਾਰਡਰ ਸਰਵਿਸਜ਼ ਏਜੰਸੀ (Canada Border Services Agency [CBSA] / Agence des services frontaliers du Canada [ASFC]) ਦੇ ਅਫ਼ਸਰ ਨਾਲ ਗੱਲ ਕਰਣ ਲਈ ਪੁੱਛੋ।

## ਕਨੂੰਨ

ਤੁਸੀਂ ਕਨੇਡਾ ਦੇ ਆਪ੍ਰਵਾਸ ਅਤੇ ਸ਼ਰਨਾਰਥੀ ਹਿਫਾਜ਼ਤ ਅਧਿਨਿਯਮ  ਦੇ ਅਧੀਨ ਨਜ਼ਬੰਦ ਕੀਤੇ ਗਏ ਸੀ ਕਿਉਂਕਿ CBSA/ASFC ਦੇ ਅਫ਼ਸਰ:

- ਨੇ ਜ਼ਰੂਰੀ ਸਮਝਿਆ ਕਿ ਪੂਰਨ ਪੜਤਾਲ ਕੀਤੀ ਜਾਵੇ;
- ਤੁਹਾਡੀ ਸ਼ਖਸੀਅਤ ਤੋਂ ਸੰਤੁਸ਼ਟ ਨਹੀਂ ਸੀ;
- ਕੋਲ ਇਹ ਵਿਸ਼ਵਾਸ ਕਰਨ ਦਾ ਕਾਰਨ ਸੀ ਕਿ ਤੁਸੀਂ ਕਨੇਡਾ ਵਿੱਚ ਦਾਖ਼ਲ ਹੋਣ ਦੇ ਯੋਗ ਨਹੀਂ ਅਤੇ ਜਨਤਾ ਲਈ ਖ਼ਤਰਾ ਸੀ, ਪੜਤਾਲ ਅਤੇ ਸੁਣਵਾਈ ਲਈ ਹਾਜ਼ਰ ਹੋਣਾ ਅਸੰਭਵ (ਭੱਜ ਜਾਣ ਦਾ ਖ਼ਤਰਾ) ਸੀ। ਕਨੇਡਾ ਤੋਂ ਨਿਸ਼ਕਾਸਨ ਜਾਂ ਕਾਰਵਾਈ ਉਪਰੰਤ ਨਿਸ਼ਕਾਸਨ ਹੋ ਸਕਦਾ ਹੈ; ਜਾਂ
- ਕੋਲ ਇਹ ਸ਼ੱਕ ਕਰਦ ਦਾ ਕਾਰਨ ਸੀ ਕਿ ਤੁਸੀਂ ਸਰੱਖਿਆ, ਮਨੁੱਖੀ ਜਾਂ ਅੰਤਰ-ਰਾਸ਼ਟਰੀ ਅਧਿਕਾਰਾਂ ਦੀ ਉਲੰਘਣਾ, ਗੰਭੀਰ ਅਪਰਾਧ, ਅਪਰਾਧ ਜਾਂ ਸੰਗਠਿਤ ਅਪਰਾਧ ਕਰ ਕੇ ਕਨੇਡਾ ਵਿੱਚ ਦਾਖ਼ਲ ਹੋਣ ਦੇ ਯੋਗ ਨਹੀਂ।

# ਨਜ਼ਰਬੰਦੀਆਂ ਦੇ ਨਾਲ ਵਰਤਾਉ ਉੱਤੇ ਨੀਤੀ

## ਨਜ਼ਰਬੰਦ ਲੋਕਾਂ ਦੇ ਨਾਲ ਵਰਤਾਉ

- ਤੁਹਾਡੇ ਨਾਲ ਸਾਰੇ ਸਮੇਂ ਗੌਰਵ ਅਤੇ ਆਦਰ ਨਾਲ ਵਰਤਾਉ ਕੀਤਾ ਜਾਵੇਗਾ।
- ਤੁਹਾਨੂੰ ਤੁਹਾਡੇ ਕਨੂੰਨੀ ਅਧਿਕਾਰਾਂ ਬਾਰੇ ਸੂਚਿਤ ਕੀਤਾ ਜਾਵੇਗਾ ਅਤੇ ਆਪਣੇ ਅਧਿਕਾਰਾਂ ਦਾ ਪ੍ਰਯੋਗ ਕਰਣ ਦਾ ਅਵਸਰ ਦਿੱਤਾ ਜਾਵੇਗਾ ਅਤੇ ਤੁਹਾਡੇ ਕੇਸ ਦੀ ਅਵਸਥਾ ਬਾਰੇ ਸੂਚਿਤ ਕੀਤਾ ਜਾਵੇਗਾ।

**ਤੁਹਾਡੇ ਨਾਲ ਸਾਰੇ ਸਮੇਂ ਗੌਰਵ ਅਤੇ ਆਦਰ ਨਾਲ ਵਰਤਾਉ ਕੀਤਾ ਜਾਵੇਗਾ।**

## ਬੱਚੇ

- CBSA/ASFC 18 ਸਾਲ ਤੋਂ ਘੱਟ ਦੀ ਉਮਰ ਦੇ ਬੱਚਿਆਂ ਨੂੰ ਕੇਵਲ ਅੰਤਮ ਉਪਾਉ ਦੇ ਤੌਰ ਤੇ ਹੀ ਨਜ਼ਰਬੰਦ ਕਰਦੀ ਹੈ। ਜੇ ਤੁਹਾਡੇ ਬੱਚੇ ਹਨ, CBSA/ASFC ਤੁਹਾਡੇ ਵਿਸ਼ੇਸ਼ ਕੇਸ ਦੇ ਤੱਥਾਂ ਦੇ ਅਧਾਰ ਤੇ ਉਹਨਾਂ ਦੀ ਭਲਾਈ ਬਾਰੇ ਸੋਚਦੇ ਹੋਏ ਵਿਚਾਰ ਕਰੇਗੀ। CBSA/ASFC ਦਾ ਅਫ਼ਸਰ ਤੁਹਾਡੇ ਪਰਿਵਾਰ ਦੇ ਮੈਂਬਰਾਂ ਨੂੰ ਮਿਲਾ ਕੇ, ਬੱਚਿਆਂ ਦੀ ਦੇਖ-ਭਾਲ ਦੇ ਪ੍ਰਬੰਧਾਂ ਦੀ ਉਪਲਬਧਤਾ ਅਤੇ ਤੁਹਾਡੀ ਨਜ਼ਰਬੰਦੀ ਦੇ ਅਰਸੇ ਦਾ ਪੂਰਵ-ਅਨੁਮਾਨ ਤੁਹਾਡੇ ਬੱਚਿਆਂ ਨੂੰ ਉਚਿਤ ਨਿਵਾਸ-ਸਥਾਨ ਅਤੇ ਸੇਵਾਵਾਂ ਦੀ ਉਪਲਬਧਤਾ ਵਰਗੇ ਕਾਰਕਾਂ ਦਾ ਆਕਲਨ ਕਰੇਗਾ।
- ਜੇ ਇਹ ਉਨ੍ਹਾਂ ਦੀ ਭਲਾਈ ਲਈ ਸਭ ਤੋਂ ਵਧੀਆ ਹੈ, ਤੁਹਾਡੇ ਬੱਚਿਆਂ ਨੂੰ CBSA/ASFC ਦੇ ਇਮਿਗ੍ਰੇਸ਼ਨ ਹੋਲਡਿੰਗ ਸੈਂਟਰ ਵਿਚ ਰਹਿਣ ਲਈ ਇਜਾਜ਼ਤ ਦਿੱਤੀ ਜਾਵੇਗੀ। ਸੈਂਟਰ ਵਿੱਚ ਪਰਿਵਾਰਾਂ ਲਈ ਅਲੱਗ ਰਹਿਣ ਦੇ ਖੇਤਰ ਹਨ। ਇਸ 'ਤੇ ਨਿਰਭਰ ਕਰਦੇ ਹੋਏ ਕਿ ਤੁਸੀਂ ਕਿੰਨੀ ਦੇਰ ਲਈ ਰਹਿੰਦੇ ਹੋ, ਤੁਹਾਡੇ ਬੱਚਿਆਂ ਲਈ ਅਧਿਆਪਕ ਉਪਲਬਧ ਹੋਵੇਗਾ।
- ਸੂਬਾਈ ਅਥਾਰਿਟੀਆਂ ਨਾਲ ਸੰਪਰਕ ਕੀਤਾ ਹਾ ਸਕਦਾ ਹੈ ਅਤੇ ਤੁਹਾਡੇ ਬੱਚੇ ਨੂੰ ਸੂਬਾਈ ਬਾਲ-ਕਲਿਆਣ ਸੇਵਾਵਾਂ ਦੀ ਨਿਗਰਾਨੀ ਵਿੱਚ ਰੱਖਿਆ ਜਾ ਸਕਦਾ ਹੈ। ਜੇਕਰ ਅਜਿਹਾ ਹੁੰਦਾ ਹੈ, ਤੁਹਾਡੇ ਬੱਚੇ  ਨੂੰ ਤੁਹਾਡੇ ਨਾਲ ਮਿਲਵਾਉਣ ਲਈ ਬੰਦੋਬਸਤ ਕੀਤੇ ਜਾ ਸਕਦੇ ਹਨ।

## ਨਜ਼ਰਬੰਦੀ ਸੁਵਿਧਾਵਾਂ

- ਤੁਹਾਨੂੰ ਸ਼ਾਇਦ ਪਹਿਲਾਂ CBSA/ASFC ਦੇ ਦਫ਼ਤਰ  ਜਾਂ ਪ੍ਰਵੇਸ਼ ਪੱਤਣ (ਭੂਮੀ ਜਾਂ ਸਮੁੰਦਰੀ ਸੀਮਾ ਪਾਰ, ਏਅਰਪੋਰਟ ਆਦਿ) ਤੇ ਰੱਖਿਆ ਜਾਵੇ।
- ਤੁਹਾਨੂੰ ਸ਼ਾਇਦ ਫਿਰ CBSA/ASFC ਦੇ ਇਮਿਗ੍ਰੇਸ਼ਨ ਹੋਲਡਿੰਗ ਸੈਂਟਰ (ਲਵਾਲ, ਕਿਊਬੈੱਕ, ਟੋਰਾਂਟੋ, ਔਂਟੈਰੀਉ, ਜਾਂ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ) ਜਾਂ ਕਿਸੇ ਸੂਬਾਈ ਸੁਧਾਰਕ ਸੁਵਿਧਾ ਵਿਚ ਰੱਖਿਆ ਜਾ ਸਕਦਾ ਹੈ। ਤੁਹਾਨੂੰ ਕਿੱਥੇ ਰੱਖਿਆ ਜਾਵੇਗਾ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਕਿਹੜੀਆਂ ਸੁਵਿਧਾਵਾਂ ਉਪਲਬਧ ਹਨ ਅਤੇ CBSA/ASFC ਦੇ ਵਿਚਾਰ ਵਿੱਚ ਤੁਸੀਂ ਖੁਦ ਲਈ ਅਤੇ ਦੂਜਿਆਂ ਲਈ ਕਿਸ ਹੱਦ ਤਕ ਖਤਰਾ ਹੋ।.
- CBSA/ASFC  ਦੀਆਂ ਸੁਵਿਧਾਵਾਂ ਬੰਦਿਆਂ, ਜ਼ਨਾਨੀਆਂ ਅਤੇ ਪਰਿਵਾਰਾਂ ਨੂੰ ਸਮਾਐਜਿਤ ਕਰ ਸਕਦੀਆਂ ਹਨ। ਕੁੱਝ ਮਾਮਲੇਆਂ ਵਿਚ, ਜੇ ਇਕ ਪਰਿਵਾਰ ਨੂੰ ਹਿਰਾਸਤ ਵਿੱਚ ਲਿੱਤਾ ਗਿਆ ਹੈ, ਬੱਚਿਆਂ ਨੂੰ ਇਕ ਮਾਪੇ ਨਾਲ ਅਲੱਗ ਪਾਸੇ ਰੱਖਿਆ ਜਾ ਸਕਦਾ ਹੈ। ਪਰਿਵਾਰਾਂ ਨੂੰ ਉਨ੍ਹਾਂ ਦੀ ਰਹਾਇਸ਼ ਦੌਰਾਨ ਇਕ ਦੂਜੇ ਦੇ ਨਾਲ ਮਿਲਣ ਦੇ ਪ੍ਰਬੰਧ ਕੀਤੇ ਜਾਣਗੇ।

ਤੁਹਾਡੀ ਗੁਪਤਤਾ ਦਾ ਆਦਰ ਕੀਤਾ ਜਾਵੇਗਾ।

- CBSA/ASFC ਇਹ ਨਿਸ਼ਚਿਤ ਕਰਨ ਲਈ ਜ਼ਿੰਮੇਵਾਰ ਹੈ ਕਿ ਤੁਸੀਂ ਉਸ ਵਾਤਾਵਰਨ ਵਿਚ ਨਜਰਬੰਦ ਹੋ ਜੋ ਨਿਰਾਪਦ ਅਤੇ ਸੁਰੱਖਿਅਤ ਹੈ।
- ਤੁਹਾਡੀ ਗੁਪਤਤਾ ਦਾ ਆਦਰ ਕੀਤਾ ਜਾਵੇਗਾ।
- ਤੁਹਾਡੀ ਸਰੀਰਕ, ਭਾਵਾਤਮਕ, ਅਤੇ ਰੂਹਾਨੀ ਲੋੜਾਂ ਨੂੰ ਤੁਹਾਡੇ ਸਭਿਆਚਾਰ ਦੇ ਅਨੁਕੂਲ ਪੂਰਾ ਕਰਣ ਲਈ ਉਚਿਤ ਕੋਸ਼ਿਸ਼ ਕੀਤੀ ਜਾਵੇਗੀ।
- CBSA/ASFC ਨਜ਼ਰਬੰਦੀ ਦੇ ਹਾਲਾਤਾਂ ਬਾਰੇ ਤੁਹਾਡੀ ਟਿੱਪਣਿਆਂ ਦਾ ਸੁਆਗਤ ਕਰਦੀ ਹੈ।

## ਤੁਹਾਡੇ ਹੱਕ

- ਤੁਹਾਨੂੰ ਆਪਣੇ ਖ਼ਰਚ ਤੇ ਵਕੀਲ ਦੁਆਰਾ ਪ੍ਰਤਿਨਿੱਧਤਾ ਕਰਵਾਉਣ ਦਾ ਹੱਕ ਹੈ ਜਾਂ ਜੇ ਤੁਸੀਂ ਯੋਗ ਹੋ ਤਾਂ ਤੁਹਾਨੂੰ ਕਨੂੰਨੀ ਮਦਦ (ਲੀਗਲ ਏਡ) ਪ੍ਰਾਪਤ ਕਰਣ ਦਾ ਹੱਕ ਹੈ। ਤੁਹਾਨੂੰ ਤੁਹਾਡੇ ਲਈ ਉਪਲਬਧ ਕਨੂੰਨੀ ਮਦਦ ਸੇਵਾਵਾਂ ਬਾਰੇ ਲੋੜੀਂਦੀ ਜਾਣਕਾਰੀ ਦਿੱਤੀ ਜਾਵੇਗੀ। ਤੁਸੀਂ ਆਪਣੇ ਮਿਤੱਰ ਜਾਂ ਕਿਸੀ ਸੰਗਠਨ ਜਾਂ ਸੰਸਥਾ ਦੇ ਮੈਂਬਰ ਨੂੰ ਆਪਣਾ ਪ੍ਰਤਿਨਿਧ ਕਰਣ ਲਈ ਨਿਯਤ ਕਰ ਸਕਦੇ ਹੋ।
- ਤੁਹਾਡਾ ਹੱਕ ਹੈ ਕਿ ਤੁਹਾਨੂੰ ਤੁਹਾਡੀ ਨਜ਼ਰਬੰਦੀ ਦੇ ਕਾਰਨ ਬਾਰੇ ਸੂਚਿਤ ਕੀਤਾ ਜਾਵੇ।
- ਤੁਹਾਨੂੰ ਤੁਹਾਡੀ ਬੇਨਤੀ ਤੇ ਆਪਣੇ ਦੇਸ਼ ਦੇ ਦੂਤਾਵਾਸ ਜਾਂ ਕਾਂਸੁਲੇਟ ਦੇ ਪ੍ਰਤਿਨਿਧੀ ਨੂੰ ਸੰਪਰਕ ਕਰਣ ਦਾ ਹੱਕ ਹੈ।
- ਜੇ ਤੁਸੀਂ ਨਹੀਂ ਚਾਹੁੰਦੇ ਕਿ ਕਾਂਸਲਖਾਨੇ ਦੇ ਪ੍ਰਤਿਨਿਧੀ ਨੂੰ ਸੰਪਰਕ ਕੀਤਾ ਜਾਵੇ, ਤੁਸੀਂ ਕੈਨੇਡਾ ਵਿਚ ਸ਼ਰਣਾਰਥੀਆਂ ਲਈ ਸੰਯੁਕਤ ਰਾਸ਼ਟਰ ਦੇ ਹਾਈ ਕਮਿਸ਼ਨਰ (United Nations High Commissioner for Refugees / Haut-Commissariat des Nations Unies pour les réfugiés) ਦੇ ਦਫ਼ਤਰ ਨੂੰ ਆਪਣੀ ਨਜ਼ਰਬੰਦੀ ਬਾਰੇ ਸੂਚਿਤ ਕਰਣ ਲਈ ਆਖ ਸਕਦੇ ਹੋ।
- ਜੇ ਤੁਸੀਂ ਉਹ ਭਾਸ਼ਾ ਨੂੰ ਸਮਝ ਜਾਂ ਬੋਲ ਨਹੀਂ ਸਕਦੇ ਜਿਹਦੇ ਵਿਚ ਕਾਰਵਾਈ (ਮਤਲਬ ਨਜ਼ਰਬੰਦੀ ਨਿਰੀਖਣ, ਇਮਿਗ੍ਰੇਸ਼ਨ ਪੇਸ਼ੀਆਂ ਆਦਿ) ਸੰਚਾਲਿਕ ਹੁੰਦੀਆਂ ਹਨ, ਤੁਹਾਨੂੰ ਅਨੁਵਾਦਕ ਦੀ ਮਦਦ ਲੈਣ ਦਾ ਹੱਕ ਹੈ।

ਤੁਹਾਨੂੰ ਆਪਣੇ ਖ਼ਰਚ ਤੇ ਵਕੀਲ ਦੁਆਰਾ ਪ੍ਰਤਿਨਿੱਧਤਾ ਕਰਵਾਉਣ ਦਾ ਹੱਕ ਹੈ ਜਾਂ ਜੇ ਤੁਸੀਂ ਯੋਗ ਹੋ ਤਾਂ ਤੁਹਾਨੂੰ ਕਨੂੰਨੀ ਮਦਦ (ਲੀਗਲ ਏਡ) ਪ੍ਰਾਪਤ ਕਰਣ ਦਾ ਹੱਕ ਹੈ।

- ਜੇ ਤੁਸੀਂ 18 ਸਾਲ ਦੀ ਉਮਰ ਤੋਂ ਘੱਟ ਦੇ ਨਾਬਾਲਿਗ ਹੋ ਜਾਂ ਆਪ੍ਰਵਾਸ ਅਤੇ ਸ਼ਰਨਾਰਥੀ ਬੋਰਡ ਦੇ ਆਪ੍ਰਵਾਸ ਡਿਵੀਜਨ (Immigration and Refugee Board [IRB] / Commission de l’immigration et du statut de réfugié [CISR]) ਦੀ ਰਾਇ ਵਿੱਚ ਕਾਰਵਾਈਆਂ ਦੇ ਭਾਵ ਨੂੰ ਸਮਝਣ ਦੇ ਅਯੋਗ ਹੋ, ਕਾਰਵਾਈਆਂ ਦੌਰਾਨ ਮਾਰਗ ਦਰਸ਼ਨ ਵਿੱਚ ਮਦਦ ਲਈ ਇਕ ਪ੍ਰਤਿਨਿਧੀ ਨਿਯੁਕਤ ਕੀਤਾ ਜਾ ਸਕਦਾ ਹੈ।

ਤੁਹਾਨੂੰ ਤੁਹਾਡੀ ਬੇਨਤੀ ਤੇ ਆਪਣੇ ਦੇਸ਼ ਦੇ ਦੂਤਾਵਾਸ ਜਾਂ ਕਾਂਸੁਲੇਟ ਦੇ ਪ੍ਰਤਿਨਿਧੀ ਨੂੰ ਸੰਪਰਕ ਕਰਣ ਦਾ ਹੱਕ ਹੈ।

## ਸਾਧਾਰਨ ਜਾਣਕਾਰੀ

### ਸਮੁਦਾਏ ਸਹਿਯੋਗ

ਗ਼ੈਰ-ਸਰਕਾਰੀ ਸੰਗਠਨਾਂ ਦੇ ਮੈਂਬਰ, ਜਿਵੇਂ ਕਿ ਸਥਾਨਕ ਸਮੁਦਾਏ ਜਾਂ ਧਾਰਮਿਕ ਸੰਗਠਨਾਂ ਦੇ ਮੈਂਬਰ ਤੁਹਾਨੂੰ ਮਿਲਣ ਆ ਸਕਦੇ ਹਨ ਅਤੇ ਮਦਦ ਪ੍ਰਦਾਨ ਕਰ ਸਕਦੇ ਹਨ। ਉਹ ਤਹਾਨੂੰ ਲਾਭਦਾਇਕ ਸੂਚਨਾ ਦੇ ਸਕਦੇ ਹਨ ਅਤੇ, ਜੇ ਤੁਸੀਂ ਚਾਹੋ, ਉਹ ਤੁਹਾਨੂੰ ਤਹਾਡੇ ਦੇਸ਼ ਦੇ ਲੋਕਾਂ ਨਾਲ ਜਾਂ ਉਨ੍ਹਾਂ ਲੋਕਾਂ ਨਾਲ ਸੰਪਰਕ ਕਰਾਉਣ ਦੀ ਕੋਸ਼ਿਸ਼ ਕਰਣਗੇ ਜੋ ਤੁਹਾਡੀ ਭਾਸ਼ਾ ਬੋਲਦੇ ਹੋਣ। ਇਹ ਸੇਵਾਵਾਂ ਸਭ ਥਾਵਾਂ ਤੇ ਸ਼ਾਇਦ ਉਪਲਬਧ ਨਾ ਹੋਣ। ਤੁਸੀਂ CBSA/ASFC ਦੇ ਅਫਸਰਾਂ ਕੋਲੋਂ ਜਾਣਕਾਰੀ ਅਤੇ ਮਦਦ ਲਈ ਪੁੱਛ ਸਕਦੇ ਹੋ, ਜਿਹੜੇ ਤੁਹਾਨੂੰ ਇਹਨਾਂ ਸੰਸਥਾਵਾਂ ਦੀ ਸੂਚੀ ਪ੍ਰਦਾਨ ਕਰ ਸਕਦੇ ਹਨ।

### ਡਾਕਟਰੀ ਸਹਾਇਤਾ

ਜੇ ਕਿਸੀ ਸਮੇਂ ਤੁਸੀਂ ਬੀਮਾਰ (ਸਰੀਰਕ ਜਾਂ ਮਾਨਸਿਕ ਤੌਰ ਤੇ) ਹੋ ਜਾਂਦੇ ਹੋ ਅਤੇ ਡਾਕਟਰ ਨੂੰ ਦੇਖਣ ਦੀ ਲੋੜ ਹੈ, ਕਿਰਪਾ ਕਰ ਕੇ ਸੁਵਿਧਾ ਦੇ ਕਰਮਚਾਰੀਆਂ ਨੂੰ ਤੁਰੰਤ ਦੱਸੋ। ਜੇ ਤੁਸੀਂ ਕੋਈ ਦਵਾਈ ਲੈ ਰਹੇ ਹੋ ਜਾਂ ਤੁਹਾਨੂੰ ਕੋਈ ਬੀਮਾਰੀ (ਸਰੀਰਕ ਜਾਂ ਮਾਨਸਿਕ) ਹੈ, ਕਿਰਪਾ ਕਰ ਕੇ ਕਰਮਚਾਰੀਆਂ ਨੂੰ ਦੱਸੋ ਜਦੋਂ ਤੁਸੀਂ ਸੁਵਿਧਾ ਤੇ ਦਾਖ਼ਲ ਹੁੰਦੇ ਹੋ। ਤੁਹਾਡੀ ਦਵਾਈ ਡਾਕਟਰ ਦੁਆਰਾ ਜਾਂਚ ਕੀਤੀ ਜਾਵੇਗੀ ਅਤੇ ਡਾਕਟਰ ਦੀਆਂ ਹਦਾਇਤਾਂ ਅਨੁਸਾਰ ਦਿੱਤੀ ਜਾਵੇਗੀ।

## ਬੋਰੀ-ਬਿਸਤਰਾ ਅਤੇ ਨਿਜੀ ਅਸਬਾਬ

ਜਦੋਂ ਤੁਸੀਂ ਪਹੁੰਚੋਗੇ, ਤਹਾਨੂੰ ਆਪਣੀ ਨਿਜੀ ਵਸਤਾਂ, ਸਣੇ ਸੈੱਲ ਫ਼ੋਨ, ਬੋਰੀ-ਬਿਸਤਰਾ, ਗਹਿਣੇ, ਪੈਸੇ, ਦਵਾਈਆਂ, ਅਤੇ ਹੋਰ ਸਭ ਚੀਜ਼ਾਂ ਜੋ ਤੁਹਾਡੇ ਕੋਲ ਹੈ, ਸੁਰੱਖਿਆ ਕਰਮਚਾਰੀ ਨੂੰ ਗੋਦਾਮ ਵਿਚ ਸੰਭਾਲ ਕੇ ਰੱਖਣ ਲਈ ਦੇਣੀਆਂ ਪੈਣਗੀਆਂ। ਤੁਹਾਡੀ ਬੇਨਤੀ ਤੇ ਸੁਰੱਖਿਆ ਕਰਮਚਾਰੀ ਤੁਹਾਨੂੰ ਤੁਹਾਡੇ ਸਾਮਾਨ ਦਾ ਵਾਜਬ ਉਪਯੋਗ ਕਰਣ ਦੇ ਸਕਦੇ ਹਨ। ਖ਼ਤਰਨਾਕ ਵਸਤੂਆਂ ਜਿਵੇਂ ਕਿ ਚਾਕੂ ਅਤੇ ਹੋਰ ਚੀਜ਼ਾਂ ਜਿਹੜੀਆਂ ਹਥਿਆਰਾਂ ਦੇ ਤੌਰ ਤੇ ਇਸਤੇਮਾਲ ਕੀਤੀਆਂ ਜਾ ਸਕਦੀਆਂ ਹਨ ਅਤੇ ਨਿਜੀ ਸੁਰੱਖਿਆ ਨੂੰ ਖ਼ਤਰੇ ਵਿਚ ਪਾ ਸਕਦੀਆਂ ਹਨ, ਲੈ ਲਈਆਂ ਜਾਣਗੀਆਂ, ਅਤੇ ਇਹਨਾਂ ਨੂੰ ਸੁੱਟਿਆ ਜਾ ਸਕਦਾ ਹੈ।

## ਭੋਜਨ

ਜੇ ਡਾਕਟਰੀ, ਦੰਦਾਂ ਸਬੰਧੀ ਜਾਂ ਹੋਰ ਕਾਰਨਾਂ ਕਰਕੇ ਤੁਹਾਡੀਆਂ ਖ਼ੁਰਾਕ ਸਬੰਧੀ ਖਾਸ ਲੋੜਾਂ ਹਨ, ਕਿਰਪਾ ਕਰ ਕੇ CBSA/ASFC ਦੇ ਕਿਸੇ ਅਫ਼ਸਰ, ਚੌਕੀਦਾਰ ਜਾਂ ਸੁਵਿਧਾ ਦੇ ਕਿਸੇ ਹੋਰ ਵਿਅਕਤੀ ਨੂੰ ਤੁਰੰਤ ਦੱਸੋ। ਤੁਹਾਡੀਆਂ ਖ਼ੁਰਾਕ ਸਬੰਧੀ ਲੋੜਾਂ ਨੂੰ ਪੂਰਾ ਕਰਣ ਲਈ ਸ਼ਾਇਦ ਵਿਸ਼ੇਸ਼ ਪ੍ਰਬੰਧ ਕੀਤੇ ਜਾ ਸਕਦੇ ਹਨ।

## ਮੁਲਾਕਾਤੀ

- ਪ੍ਰਤੀ ਸੁਵਿਧਾ ਦੇ ਨਿਯਮਾਂ ਦੇ ਅਨੁਸਾਰ ਮੁਲਾਕਾਤ ਦੇ ਘੰਟੇ ਅਤੇ ਆਗਿਆ ਦਿੱਤੇ ਮੁਲਾਕਾਤੀਆਂ ਦੀ ਗਿਣਤੀ ਫਰਕ ਹੋ ਸਕਦੀ ਹੈ।
- ਮੁਲਾਕਾਤਾਂ ਕੇਵਲ ਮਿਲਣ ਦੇ ਖੇਤਰ ਵਿਚ ਹੀ ਸੰਭਵ ਹਨ।
- ਜਿਹੜੀ ਸੁਵਿਧਾਵਾਂ ਤੇ ਮੁਲਾਕਾਤੀ ਖੇਤਰ ਨਹੀਂ ਹਨ, ਕੇਵਲ ਵਕੀਲ ਅਤੇ ਰਾਜ ਪ੍ਰਤਿਨਿਧੀ ਅਧਿਕਾਰੀਆਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣਗੇ।
- ਵਕੀਲ ਜਾਂ ਕਿਸੇ ਨਿਯਤ ਕੀਤੇ ਪ੍ਰਤਿਨਿਧੀ ਨਾਲ ਮੁਲਾਕਾਤ ਦੀ ਆਗਿਆ ਸੁਵਿਧਾ ਦੇ ਆਮ ਮਿਲਣ ਦੇ ਘੰਟਿਆਂ ਦੌਰਾਨ ਦਿੱਤੀ ਜਾਵੇਗੀ। ਇਹਨਾਂ ਘੰਟਿਆਂ ਤੋਂ ਬਾਅਦ ਦੀਆਂ ਮੁਲਾਕਾਤਾਂ ਦੀ ਆਗਿਆ ਕੇਵਲ ਸੁਵਿਧਾ ਦੀ ਮੈਨੇਜਮੈਂਟ ਦੁਆਰਾ ਦਿੱਤੀ ਜਾਵੇਗੀ। ਉਹਨਾਂ ਦਾ ਫੈਸਲਾ ਤੁਹਾਡੇ ਕੇਸ ਦੇ ਖਾਸ ਵੇਰਵਿਆਂ ਦੇ ਅਧਾਰ ਤੇ ਹੋਵੇਗਾ।

## ਟੈਲੀਫ਼ੋਨ

ਤੁਸੀਂ ਖ਼ਾਸ ਥਾਵਾਂ ਅਤੇ ਸਮਿਆਂ ਤੇ ਲੋਕਲ ਟੈਲੀਫ਼ੋਨ ਕਾੱਲ ਕਰ ਸਕਦੇ ਹੋ। ਜੇ ਕਈ ਲੋਕ ਉਪਲਬਧ ਫ਼ੋਨ ਦਾ ਇਸਤੇਮਾਲ ਕਰਣਾ ਚਾਹੁੰਦੇ ਹਨ, ਤੁਹਾਡੀ ਕਾੱਲ ਦਾ ਸਮਾਂ ਸੀਮਤ ਕੀਤਾ ਜਾ ਸਕਦਾ ਹੈ। ਜੇ ਤੁਹਾਨੂੰ ਟੈਲੀਫ਼ੋਨ ਇਸਤੇਮਾਲ ਕਰਣ ਵਿੱਚ ਮਦਦ ਦੀ ਲੋੜ ਹੈ, ਸੁਵਿਧਾ ਦੇ ਸਟਾਫ਼ ਤੋਂ ਮਦਦ ਮੰਗੋ। ਜੇ ਤੁਹਾਨੂੰ ਅੰਤਰਰਾਸ਼ਟਰੀ ਕਾੱਲ ਕਰਣ ਦੀ ਲੋੜ ਹੈ, ਕਿਰਪਾ ਕਰਕੇ ਸਥਾਨਕ ਅਧਿਕਾਰੀ ਨਾਲ ਨਿਰਦੇਸ਼ਾਂ ਲਈ ਗੱਲ ਕਰੋ।

## ਡਾਕ

- ਕੁਝ ਸੁਵਿਧਾਵਾਂ ਵਿਚ, ਤੁਹਾਨੂੰ ਲਿੱਖੀ ਹੋਈ ਡਾਕ ਭੇਜਣ ਅਤੇ ਪ੍ਰਾਪਤ ਕਰਣ ਦੀ ਆਗਿਆ ਹੈ।
- ਕੋਈ ਵੀ ਡਾਕ ਜੋ ਤੁਸੀਂ ਭੇਜਦੇ ਅਤੇ ਪ੍ਰਾਪਤ ਕਰਦੇ ਹੋ, ਖੋਲ੍ਹੀ ਜਾ ਸਕਦੀ ਹੈ ਅਤੇ ਉਸ ਦੀ ਛਾਣਬੀਨ ਕੀਤੀ ਜਾ ਸਕਦੀ ਹੈ।
- ਅਦਾਲਤਾਂ ਜਾਂ ਤੁਹਾਡੇ ਵਕੀਲ ਨੂੰ ਭੇਜੀ ਜਾਂ ਉਨ੍ਹਾਂ ਤੋਂ ਪ੍ਰਾਪਤ ਕੀਤੀ ਡਾਕ ਕੇਵਲ ਤੁਹਾਡੀ ਹਾਜ਼ਰੀ ਵਿਚ ਸੁਵਿਧਾ ਦੁਆਰਾ ਖੋਲ੍ਹੀ ਜਾ ਸਕਦੀ ਹੈ ਅਤੇ ਉਸ ਦੀ ਛਾਣਬੀਨ ਕੀਤੀ ਜਾ ਸਕਦੀ ਹੈ।

## ਸ਼ਿਕਾਇਤਾਂ

ਜੇ ਤੁਸੀਂ CBSA/ASFC ਦੇ ਅਫ਼ਸਰ ਨਾਲ ਆਪਣੀ ਨਜ਼ਰਬੰਦੀ ਦੇ ਕਿਸੇ ਵੀ ਪੱਖ ਬਾਰੇ ਗੱਲ ਕਰਣਾ ਚਾਹੁੰਦੇ ਹੋ, ਕਿਰਪਾ ਕਰ ਕੇ ਸੁਵਿਧਾ ਉੱਤੇ ਚੌਕੀਦਾਰ ਜਾਂ ਕਿਸੀ ਹੋਰ ਕਰਮਚਾਰੀ ਨੂੰ ਦੱਸੋ। CBSA/ASFC ਦਾ ਅਫ਼ਸਰ ਜਿੰਨੀ ਛੇਤੀ ਹੋ ਸਕੇ ਤੁਹਾਡੀ ਸ਼ਿਕਾਇਤ ਤੇ ਗ਼ੌਰ ਕਰੇਗਾ।

## ਢੋਆ-ਢੁਆਈ

ਸੁਵਿਧਾ ਦੇ ਬਾਹਰ ਤਹਾਨੂੰ ਲੈ ਜਾਉਣ ਜਾਂ ਸੁਵਿਧਾ ਦੇ ਬਾਹਰ ਕਿਸੀ ਕਾਰਵਾਈ ਲਈ ਤੁਹਾਡੇ ਹਾਜ਼ਰ ਹੋਣ ਦੌਰਾਨ CBSA/ASFC ਜਾਂ ਸੁਰੱਖਿਆ ਅਧਿਕਾਰੀ ਤੁਹਾਡੀ ਤਲਾਸ਼ੀ ਲਵੇਗਾ ਅਤੇ ਸ਼ਾਇਦ ਹਥਕੜੀ ਲਾ ਸਕਦਾ ਹੈ। ਵਿਕਲਾਂਗ, ਬਜ਼ੁਰਗ, ਨਾਬਾਲਿਗ ਬੱਚਿਆਂ ਅਤੇ ਗਰਭਵਤੀ ਔਰਤਾਂ ਲਈ ਛੂਟ ਕੀਤੀ ਜਾ ਸਕਦੀ ਹੈ।

**ਜੇ ਤੁਸੀਂ ਕਨੇਡਾ ਬਾਰਡਰ ਸਰਵਿਸਜ਼ ਏਜੰਸੀ ਦੇ ਅਫ਼ਸਰ ਨਾਲ ਆਪਣੀ ਨਜ਼ਰਬੰਦੀ ਦੇ ਕਿਸੇ ਵੀ ਪੱਖ ਬਾਰੇ ਗੱਲ ਕਰਣਾ ਚਾਹੁੰਦੇ ਹੋ।**

## ਜੇ ਅੱਗ ਲੱਗ ਜਾਵੇ

ਜੇ ਤੁਹਾਨੂੰ ਕਿਸੀ ਵੀ ਸਮੇਂ ਧੂਏਂ ਦੀ ਮੁਸ਼ਕ ਆਵੇ ਜਾਂ ਤੁਸੀਂ ਅੱਗ ਦੇਖਦੇ ਹੋ,
ਕਰਮਚਾਰੀਆਂ ਨੂੰ ਤੁਰੰਤ ਦੱਸੋ। ਜੇ ਅੱਗ ਤੁਹਾਡੇ ਕਮਰੇ ਵਿਚ ਸ਼ੁਰੂ ਹੁੰਦੀ ਹੈ, ਡਿਊਟੀ ਤੇ ਚੌਂਕੀਦਾਰਾਂ ਨੂੰ ਤੁਰੰਤ ਦੱਸੋ। ਸ਼ਾਂਤ ਰਹੋ ਅਤੇ ਚੌਂਕੀਦਾਰਾਂ ਦੀਆਂ ਹਦਾਇਤਾਂ ਦਾ ਪਾਲਣ ਕਰੋ ਤਾਂ ਜੋ ਤੁਸੀਂ ਕੁਸ਼ਲਤਾ ਨਾਲ ਬਿਲਡਿੰਗ ਤੋਂ ਨਿਕਲ ਸਕੋ।

## ਹੋਰ ਜਾਣਕਾਰੀ

ਹਰ ਸੁਵਿਧਾ ਦੇ ਨਿਯਮਾਂ ਦਾ ਟੀਚਾ ਹੈ ਹਰ ਇਕ ਦੀ ਸੁਰੱਖਿਆ ਅਤੇ ਸਲਾਮਤੀ ਦੀ ਰਾਖੀ ਕਰਨਾ। ਤੁਹਾਡੇ ਕੋਲੋਂ ਇਹਨਾਂ ਨਿਯਮਾਂ ਦੀ ਪਾਲਣਾ ਦੀ ਆਸ ਕੀਤੀ ਜਾਂਦੀ ਹੈ। ਵਿਨਾਸ਼ਕ ਵਤੀਰਾ, ਸਮੇਤ ਜਾਇਦਾਦ ਨੂੰ ਨੁਕਸਾਨ ਪੁਚਾਉਣਾ, ਸਹਿਣ ਨਹੀਂ ਕੀਤਾ ਜਾਵੇਗਾ। ਇਸ ਕਿਸਮ ਦੇ ਵਿਵਹਾਰ ਵਜੋਂ ਤਹਾਨੂੰ ਕੱਲੇ ਰੱਖਿਆ ਜਾ ਸਕਦਾ ਹੈ ਜਾਂ ਅਧਿੱਕ ਸੁਰੱਖਿਅਕ ਨਜ਼ਰਬੰਦੀ ਵਾਲੀ ਸੁਵਿਧਾ ਤੇ ਬਦਲੀ ਕੀਤਾ ਜਾਸਕਦਾ ਹੈ।

CBSA/ASFC ਦੇ ਅਫ਼ਸਰ ਤੁਹਾਡੇ ਕੇਸ ‘ਤੇ ਪ੍ਰਕਿਰਿਆ ਕਰਨ ਲਈ ਤੁਹਾਨੂੰ ਕੁਝ ਜਾਣਕਾਰੀ ਦੀ ਪੁਸ਼ਟੀ ਕਰਨ ਲਈ ਕਹਿ ਸਕਦੇ ਹਨ।

ਜੇ ਤੁਹਾਡੇ ਕੋਲ ਕੋਈ ਹੋਰ ਸਵਾਲ ਹੋਣ, ਕਿਰਪਾ ਕਰ ਕੇ ਸੁਵਿਧਾ ਦੇ ਕਰਮਚਾਰੀਆਂ ਜਾਂ CBSA/ASFC ਦੇ ਅਫ਼ਸਰ ਨੂੰ ਪੁੱਛੋ।

# ਨਜ਼ਰਬੰਦੀ ਜਾਰੀ ਰੱਖਣ ਜਾਂ ਰਿਹਾਈ ਲਈ ਫ਼ੈਸਲੇ

## “ਗੈਰ-ਨਿਰਦਿਸ਼ਟ” ਆਉਣ ਵਾਲੇਆਂ ਲਈ ਨਜ਼ਰਬੰਦੀ ਸਮੀਖਿਆ

ਨਜ਼ਰਬੰਦੀ ਦੀ ਪਹਿਲੀ ਸਮੀਖਿਆ ਤੋਂ ਪਹਿਲਾਂ, ਤੁਹਾਨੂੰ ਰਿਹਾਈ ਮਿਲ ਸਕਦੀ ਹੈ ਜੇ CBSA/ASFC ਦਾ ਅਫ਼ਸਰ ਸਮਝਦਾ ਹੈ ਕਿ ਨਜ਼ਰਬੰਦੀ ਦੇ ਕਾਰਨ ਹੁਣ ਨਹੀਂ ਰਹੇ ਜਾਂ ਜੇ ਬਾਂਡ ਲਗਾਉਣ ਨਾਲ ਚਿੰਤਾਵਾਂ ਘੱਟ ਹੋ ਸਕਦੀਆਂ ਹਨ।

- **ਅਠਤਾਲੀ (48) ਘੰਟੇ ਦੇ ਅੰਦਰ (ਜਾਂ ਇਸ ਤੋਂ ਬਾਅਦ ਜਿੰਨੀ ਛੇਤੀ ਸੰਭਵ ਹੋ ਸਕੇ),** ਆਪ੍ਰਵਾਸ ਅਤੇ ਸ਼ਰਨਾਰਥੀ ਬੋਰਡ ਦਾ ਆਪ੍ਰਵਾਸ ਡਿਵੀਜਨ ਤੁਹਾਡੀ ਨਜ਼ਰਬੰਦੀ ਦੀ ਸਮੀਖਿਆ ਕਰੇਗਾ। ਆਪ੍ਰਵਾਸ ਡਿਵੀਜਨ ਤੋਂ ਫ਼ੈਸਲਾ ਕਰਣ ਵਾਲਾ (“ਮੈਂਬਰ”) CBSA/ASFC ਤੋਂ ਨਿਵੇਕਲਾ ਹੁੰਦਾ ਹੈ।
- **ਸੱਤ (7) ਦਿਨ –** ਜੇ ਤੁਸੀਂ ਲਗਾਤਾਰ ਨਜ਼ਰਬੰਦ ਰਹਿੰਦੇ ਹੋ ਤਾਂ ਅਗਲੇ ਸੱਤ ਦਿਨ ਦੇ ਅੰਦਰ ਤੁਹਾਡੇ ਕੇਸ ਦੀ IRB/CISR ਦੁਆਰਾ ਦੁਬਾਰਾ ਸਮੀਖਿਆ ਕੀਤੀ ਜਾਵੇਗੀ।
- **ਹਰ (30) ਦਿਨੀਂ –** ਸੱਤ-ਦਿਨ ਦੀ ਸਮੀਖਿਆ ਬਾਅਦ, ਤੁਹਾਡੇ ਕੇਸ ਦੀ 30 ਦਿਨਾਂ ਵਿਚ ਘੱਟੋ-ਘੱਟ ਇਕ ਵਾਰ ਅਵੱਸ਼ IRB/CISR ਦੁਆਰਾ ਫਿਰ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ।
- ਹਰ ਇੱਕ ਸਮੀਖਿਆ ਤੇ ਤੁਹਾਨੂੰ ਮੌਜੂਦ ਜ਼ਰੂਰ ਹੋਣਾ ਚਾਹੀਦਾ ਹੈ।
- ਇਹ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ ਆਪਣੀ ਸਾਰੀਆਂ ਆਪ੍ਰਵਾਸ ਦੀਆਂ ਕਾਰਵਾਈਆਂ ਵਿੱਚ ਵਕੀਲ ਜਾਂ ਨਿਯੁਕਤ ਕੀਤੇ ਪ੍ਰਤੀਨਧੀ, ਜੇ ਤੁਹਾਡੇ ਕੋਲ ਕੋਈ ਹੈ, ਦੇ ਹਾਜ਼ਰ ਹੋਣ ਲਈ ਲੋੜੀਂਦੇ ਪ੍ਰਬੰਧ ਕਰੋ।
- ਆਪਣੀ ਅਗਲੀ ਅਨੁਸੂਚਿਤ ਸਮੀਖਿਆ ਦੀ ਤਾਰੀਖ਼ ਤੋਂ ਪਹਿਲਾਂ ਕਿਸੀ ਵੀ ਸਮੇਂ, ਤੁਸੀਂ ਅਗੇਤਰੇ ਸਮੀਖਿਆ ਲਈ ਕਹਿ ਸਕਦੇ ਹੋ, ਜੇ ਨਵੇਂ ਤੱਥ ਅਜਿਹੀ ਬੇਨਤੀ ਨੂੰ ਠੀਕ ਸਿੱਧ ਕਰਦੇ ਹਨ। ਬੇਨਤੀ ਅਵੱਸ਼ ਲਿਖਤ ਵਿਚ ਹੋਣੀ ਚਾਹੀਦੀ ਹੈ ਅਤੇ IRB/CISR ਦੇ ਆਪ੍ਰਵਾਸ ਡਿਵੀਜਨ ਨੂੰ ਪ੍ਰਸਤੁਤ ਕਰਣੀ ਚਾਹੀਦੀ ਹੈ ਜਿਹੜਾ ਫ਼ੈਸਲਾ ਕਰੇਗਾ ਕਿ ਕੀ ਤੁਹਾਡੀ ਬੇਨਤੀ ਪ੍ਰਵਾਨ ਹੋਵੇ ਜਾਂ ਨਹੀਂ। ਬੇਨਤੀ ਦੀ ਇੱਕ ਕਾਪੀ CBSA/AFSC ਨੂੰ ਜ਼ਰੂਰ ਮੁਹੱਈਆ ਕੀਤੀ ਜਾਣੀ ਚਾਹੀਦੀ ਹੈ।

## ਨਜ਼ਰਬੰਦੀ ਤੋਂ ਰਿਹਾਈ

ਸਮੀਖਿਆ ਦੇ ਬਾਅਦ, IRB/CISR ਦੇ ਆਪ੍ਰਵਾਸ ਡਿਵੀਜਨ ਦਾ ਇਕ ਮੈਂਬਰ ਜਾਂ ਤਾਂ ਹੁਕਮ ਕਰੇਗਾ ਕਿ ਤੁਹਾਨੂੰ ਨਜ਼ਰਬੰਦ ਰੱਖਿਆ ਜਾਵੇ ਜਾਂ ਤੁਹਾਨੂੰ ਨਜ਼ਰਬੰਦੀ ਤੋਂ ਰਿਹਾ ਕੀਤਾ ਜਾਵੇ। IRB/CISR ਤੁਹਾਡੀ ਰਿਹਾਈ ਤੇ ਸ਼ਰਤਾਂ ਲਾ ਸਕਦਾ ਹੈ ਜਿਹਨਾਂ ਵਿਚ ਇਹ ਸ਼ਾਮਿਲ ਹੋ ਸਕਦੀ ਹੈ:

- **ਅਦਾਇਗੀ:** ਇਹ ਪੈਸਾ ਇਹ ਨਿਸ਼ਚਿਤ ਕਰਣ ਲਈ ਦਿੱਤਾ ਜਾਂਦਾ ਹੈ ਕਿ ਤੁਸੀਂ ਨਜ਼ਰਬੰਦੀ ਤੋਂ ਆਪਣੀ ਰਿਹਾਈ ਦੀ ਸ਼ਰਤਾਂ ਦਾ ਪਾਲਣ ਕਰੋਗੇ। ਆਮ ਤੌਰ ਤੇ, ਇਹ ਤੁਹਾਡੇ ਕੇਸ ਦੀ ਸਮਾਪਤੀ ਦੇ ਬਾਅਦ ਛੇ ਤੋਂ ਅੱਠ ਹਫ਼ਤਿਆਂ ਵਿੱਚ ਵਾਪਸ ਕੀਤਾ ਜਾਂਦਾ ਹੈ, ਬਸ਼ਰਤੇ ਤੁਹਾਡੀ ਰਿਹਾਈ ਦੀ ਸਾਰੀਆਂ ਸ਼ਰਤਾਂ ਪੂਰੀਆਂ ਕੀਤੀਆਂ ਗੱਈਆਂ ਹੋਣ।
- **ਗਾਰੰਟੀ:** ਇਹਦੇ ਲਈ ਬਿਆਨੇ ਦੀ ਲੋੜ ਨਹੀਂ ਹੁੰਦੀ। ਗਾਰੰਟਰ (ਜਿਹੜਾ ਅਵੱਸ਼ ਕਨੇਡੀਅਨ ਨਾਗਰਿਕ ਜਾਂ ਕਨੇਡੇ ਦਾ ਸਥਾਈ ਵਸਨੀਕ ਹੋਣਾ ਚਾਹੀਦਾ ਹੈ) ਪੈਸੇ ਦੀ ਰਕਮ ਅਦਾ ਕਰਣ ਦਾ ਵਾਅਦਾ ਕਰਦਾ ਹੈ ਜੇ ਤੁਸੀਂ ਆਪਣੀ ਰਿਹਾਈ ਦੀ ਸ਼ਰਤਾਂ ਦਾ ਆਦਰ ਨਹੀਂ ਕਰਦੇ।

ਜੇ ਤੁਹਾਡਾ ਗਾਰੰਟਰ ਹੈ, ਉਹ ਆਮ ਤੌਰ ਤੇ ਆਪਣੀ ਕਨੂੰਨੀ ਜਿੰਮੇਵਾਰੀਆਂ ਤੋਂ ਛੁੱਟ ਨਹੀਂ ਸਕੇਗਾ ਜਦ ਤੀਕ ਤੁਹਾਡਾ ਆਪ੍ਰਵਾਸ (ਇਮਿਗ੍ਰੇਸ਼ਨ) ਦਾ ਕੇਸ ਨਿਬੜ ਨਹੀਂ ਜਾਂਦਾ।

## ਸ਼ਰਤਾਂ ਦੀ ਉਲੰਘਣਾ

ਜੇ ਤੁਸੀਂ ਆਪਣੀ ਰਿਹਾਈ ਦੀ ਸ਼ਰਤਾਂ ਦਾ ਪਾਲਣ ਕਰਣ ਵਿੱਚ ਅਸਫ਼ਲ ਰਹਿੰਦੇ ਹੋ, ਤੁਹਾਡੇ ਗਾਰੰਟਰ ਦੁਆਰਾ ਦਿੱਤਾ ਜਾਂ ਵਾਅਦਾ ਕੀਤਾ ਪੈਸਾ ਸ਼ਾਇਦ ਵਾਪਸ ਨਹੀਂ ਹੋਵੇ ਅਤੇ/ਜਾਂ ਤੁਹਾਨੂੰ ਵਾਪਸ ਨਜ਼ਰਬੰਦ ਕੀਤਾ ਜਾ ਸਕਦਾ ਹੋ।